ਮਾਪੇ/ਪਰਿਵਾਰਕ ਪੱਤਰ ਦਾ ਨਮੂਨਾ
ਵਿਆਪਕ ਜਿਨਸੀ ਸਿਹਤ ਸਿੱਖਿਆ ਲੋੜਾਂ

ਪਿਆਰੇ ਮਾਪਿਓ ਅਤੇ ਪਰਿਵਾਰ,

ਅਸੀਂ ਤੁਹਾਨੂੰ ਜਿਨਸੀ ਸਿਹਤ ਸਿੱਖਿਆ ਨਾਲ ਸਬੰਧਿਤ ਸਕੂਲਾਂ ਲਈ ਸਿੱਖਿਆ ਦੀਆਂ ਲੋੜਾਂ ਬਾਰੇ ਸੂਚਿਤ ਕਰਨਾ ਚਾਹੁੰਦੇ ਹਾਂ ਅਤੇ ਇਹ ਵੀ ਦੱਸਣਾ ਚਾਹੁੰਦੇ ਹਾਂ ਕਿ ਇਹ ਤੁਹਾਡੇ ਬੱਚੇ ਦੀ ਪੜ੍ਹਾਈ ਨੂੰ ਕਿਵੇਂ ਪ੍ਰਭਾਵਿਤ ਕਰਦਾ ਹੈ। 2020 ਵਿੱਚ ਵਾਸ਼ਿੰਗਟਨ ਸਟੇਟ ਵਿਧਾਨ ਸਭਾ (Washington State Legislature) ਨੇ ਇੱਕ ਨਵੀਂ ਲੋੜ (RCW 28A.300.475) ਪਾਸ ਕੀਤੀ ਕਿ ਸਾਰੇ ਸਕੂਲਾਂ ਨੂੰ ਵਿਆਪਕ ਜਿਨਸੀ ਸਿਹਤ ਸਿੱਖਿਆ ਪ੍ਰਦਾਨ ਕਰਨਗੇ।

ਵਿਆਪਕ ਜਿਨਸੀ ਸਿਹਤ ਸਿੱਖਿਆ ਨੂੰ ਕਾਨੂੰਨ ਵਿੱਚ ਸਮੇਂ ਦੇ ਨਾਲ ਨਾਲ ਹੋਣ ਵਾਲੇ ਮਨੁੱਖੀ ਵਿਕਾਸ ਅਤੇ ਪ੍ਰਜਨਨ ਬਾਰੇ ਪੜ੍ਹਾਈ ਵਜੋਂ ਪਰਿਭਾਸ਼ਿਤ ਕੀਤਾ ਗਿਆ ਹੈ ਅਤੇ ਇਹ ਉਮਰ-ਉਚਿਤ ਹੁੰਦਾ ਹੈ ਅਤੇ ਇਸ ਵਿੱਚ ਸਾਰੇ ਵਿਦਿਆਰਥੀ ਸ਼ਾਮਲ ਹੁੰਦੇ ਹਨ।

ਸਾਡਾ ਜ਼ਿਲ੍ਹਾ ਇਸ ਬਾਰੇ ਫੈਸਲੇ ਲੈਣੇ ਜਾਰੀ ਰੱਖੇਗਾ ਕਿ ਅਸੀਂ ਜਿਨਸੀ ਸਿਹਤ ਸਿੱਖਿਆ ਲਈ ਕਿਹੜੇ ਪਾਠਕ੍ਰਮ ਅਤੇ ਵਿਦਿਅਕ ਸਮੱਗਰੀਆਂ ਦੀ ਵਰਤੋਂ ਕਰੀਏ। ਵਾਸ਼ਿੰਗਟਨ ਦੇ ਸਕੂਲਾਂ ਵਿੱਚ ਵਰਤੋਂ ਲਈ ਕਿਸੇ ਇਕਹਿਰੇ ਪਾਠਕ੍ਰਮ ਦੀ ਲੋੜ ਨਹੀਂ ਹੈ।

ਕਾਨੂੰਨ ਦੇ ਅਧਾਰ 'ਤੇ, ਗ੍ਰੇਡ K-3 ਦੇ ਵਿਦਿਆਰਥੀ ਸਮਾਜਕ ਭਾਵਨਾਤਮਕ ਸਿੱਖਿਆ ਪ੍ਰਾਪਤ ਕਰਨਗੇ। ਗਰੇਡ K-3 ਦੇ ਵਿਦਿਆਰਥੀਆਂ ਲਈ ਕਿਸੇ ਜਿਨਸੀ ਸਿਹਤ ਸਮੱਗਰੀ ਦੀ ਲੋੜ ਨਹੀਂ ਹੈ। ਸਮਾਜਕ ਭਾਵਨਾਤਮਕ ਸਿੱਖਿਆ ਦਾ ਅਰਥ ਆਦਰਯੋਗ ਸੰਚਾਰ, ਸਿਹਤਮੰਦ ਦੋਸਤੀ, ਕਿਸੇ ਦੀਆਂ ਨਿੱਜੀ ਲੋੜਾਂ ਦਾ ਆਦਰ ਕਰਨ ਅਤੇ ਭਾਵਨਾਵਾਂ ਦਾ ਪ੍ਰਬੰਧਨ ਕਰਨ ਬਾਰੇ ਸਿੱਖਣਾ ਹੈ।

ਗਰੇਡ 4 ਜਾਂ 5 ਦੇ ਵਿਦਿਆਰਥੀ ਘੱਟੋ ਘੱਟ ਇੱਕ ਵਾਰ ਜਿਨਸੀ ਸਿਹਤ ਸਿੱਖਿਆ ਪ੍ਰਾਪਤ ਕਰਨਗੇ। ਮਨੁੱਖੀ ਵਾਧੇ ਅਤੇ ਵਿਕਾਸ (ਜਵਾਨੀ) ਬਾਰੇ ਸਿੱਖਿਆ ਅਤੇ ਆਮ ਤੌਰ 'ਤੇ 5 ਵੀਂ ਜਮਾਤ ਵਿੱਚ ਸ਼ੁਰੂ ਹੁੰਦੀ ਹੈ।

ਵੱਡੇ ਵਿਦਿਆਰਥੀਆਂ ਨੂੰ ਮਨੁੱਖੀ ਵਾਧੇ ਅਤੇ ਵਿਕਾਸ ਅਤੇ ਪ੍ਰਜਨਨ ਪ੍ਰਣਾਲੀ, ਸਿਹਤਮੰਦ ਰਿਸ਼ਤਿਆਂ, ਸਹਿਮਤੀ, ਸੰਜਮ, ਜਿਨਸੀ ਸੰਚਾਰਿਤ ਬਿਮਾਰੀਆਂ (Sexually Transmitted Diseases, STDs), ਅਤੇ ਗਰਭ ਅਵਸਥਾ ਦੀ ਰੋਕਥਾਮ ਦੇ ਤਰੀਕਿਆਂ ਬਾਰੇ ਉਮਰ-ਉਚਿਤ ਜਾਣਕਾਰੀ ਪ੍ਰਾਪਤ ਹੋਵੇਗੀ। ਅਸੀਂ ਗ੍ਰੇਡ 6-8 ਵਿੱਚ ਘੱਟੋ ਘੱਟ ਦੋ ਵਾਰ ਅਤੇ ਗਰੇਡ 9-12 ਵਿੱਚ ਘੱਟੋ ਘੱਟ ਦੋ ਵਾਰ ਸਿੱਖਿਆ ਪ੍ਰਦਾਨ ਕਰਾਂਗੇ।

ਤੁਸੀਂ ਇੱਕ ਲਿਖਤੀ ਬੇਨਤੀ ਨਾਲ ਆਪਣੇ ਬੱਚੇ ਜਾਂ ਬੱਚਿਆਂ ਨੂੰ ਇਸ ਸਿੱਖਿਆ ਤੋਂ ਬਾਹਰ ਚੁਣਨ ਦੇ ਯੋਗ ਹੋਵੋਗੇ, ਅਤੇ ਤੁਸੀਂ ਪੜ੍ਹਾਈ ਕਰਨ ਤੋਂ ਪਹਿਲਾਂ ਸਾਡੇ ਜਿਨਸੀ ਸਿਹਤ ਪਾਠਕ੍ਰਮ ਦੀ ਸਮੀਖਿਆ ਕਰਨ ਦੇ ਯੋਗ ਹੋਵੋਗੇ।

RCW 28A.300.475 ਅਤੇ ਇਸਦੀਆਂ ਲੋੜਾਂ ਬਾਰੇ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਸੁਪਰਿਟੈਂਡੰਟ ਆਫ ਪਬਲਿਕ ਇੰਸਟ੍ਰਕਸ਼ਨ ਦੇ ਦਫਤਰ (Office of Superintendent of Public Instruction, OSPI) ਦੀ ਵੈੱਬਸਾਈਟ ਦੇਖੋ: Sexual Health Education (ospi.k12.wa.us)

ਜੇ ਤੁਹਾਡੇ ਕੋਈ ਸਵਾਲ ਹਨ ਤਾਂ ਕਿਰਪਾ ਕਰਕੇ ਸੰਪਰਕ ਕਰਨ ਤੋਂ ਨਾ ਝਿਜਕੋ।

ਤਹਿ ਦਿਲੋਂ,

ਸਕੂਲ ਪ੍ਰਿੰਸੀਪਲ/ਜ਼ਿਲ੍ਹਾ ਸੁਪਰਿਟੈਂਡੰਟ